# ਭਾ ਜੀ ਗੁਰਸ਼ਰਨ ਸਿੰਘ

*—ਪ੍ਰੇਮ ਗੋਰਖੀ*

ਭਾਅ ਜੀ ਗੁਰਸ਼ਰਨ ਸਿੰਘ ਦੇ ਤੁਰ ਜਾਣ ਬਾਰੇ ਮੈਨੂੰ ਫ਼ੋਨ-ਸੁਨੇਹੇ ਨੇ ਦੱਸਿਆ। ਮੈਂ ਸੁੱਖ ਭਰਿਆ ਪਰ ਲੰਮਾ ਸਾਹ ਲਿਆ। ਮੈਂ ਕਹਾਣੀ ਲਿਖਣ ਵੱਲ ਅਜੇ ਪਹਿਲਾ ਕਦਮ ਹੀ ਪੁੱਟਿਆ ਸੀ ਕਿ ਭਾ ਜੀ ਹੋਰਾਂ ਨਾਲ ਮੇਲ ਹੋ ਗਿਆ। ਮੈਨੂੰ ਮੁਖਤਾਰ ਗਿੱਲ ਭਾਅ ਜੀ ਦੇ ਦਫ਼ਤਰ ਲੈ ਕੇ ਗਿਆ। ਬੜੇ ਮੋਹ ਤੇ ਅਪਣੱਤ ਨਾਲ ਭਾਅ ਜੀ ਮਿਲੇ। ਆਪਣੇ ਦਫ਼ਤਰ ਵਿਚ ਵੱਡਾ ਅਫ਼ਸਰ ਪਰ ਕੋਈ ਭੋ-ਮਿਜਾਜ਼ ਨਹੀਂ। ਫਿਰ ਦਫ਼ਤਰ ਤੋਂ ਥੋੜੀ ਜਹੀ ਵਿੱਥ ਉੱਪਰ ਘਰ...ਘਰ ਵਿਚ ਭਾਅ ਜੀ ਦੀ ਪਤਨੀ ਤੇ ਛੋਟੀਆਂ-ਛੋਟੀਆਂ ਦੋ ਧੀਆਂ। ਮੈਂ ਕਈ ਵਾਰ ਭਾਅ ਜੀ ਦੇ ਖੇਡੇ ਜਾਣ ਵਾਲੇ ਨਾਟਕ ਨੂੰ ਦੇਖਣ ਲਈ ਹੀ ਜਲੰਧਰ ਤੋਂ ਅੰਮ੍ਰਿਤਸਰ ਨੂੰ ਚਲੇ ਜਾਂਦਾ। ਨਾਟਕ ਦੇਖ ਕੇ ਅਸੀਂ ਰਾਤ ਡਾਕਟਰੀ ਦੀ ਪੜ੍ਹਾਈ ਕਰਕੇ ਡਾਕਟਰ ਰਵਿੰਦਰ ਹੋਰਾਂ ਕੋਲ ਰਹਿ ਜਾਂਦੇ। ਇਨ੍ਹਾਂ ਨਾਟਕਾਂ ਨੇ ਹੀ ਮੈਨੂੰ ਲੋਕ ਨਾਥ ਨਾਲ ਮਿਲਾਇਆ, ਜਿਹੜਾ ਭਾਅ ਜੀ ਦੇ ਨਾਟਕਾਂ ਦਾ ਬੜਾ ਅਹਿਮ ਐਕਟਰ ਹੁੰਦਾ ਸੀ।

ਮੇਰੀ ਪਹਿਲੀ ਕਹਾਣੀਆਂ ਦੀ ਕਿਤਾਬ 'ਮਿੱਟੀ ਰੰਗੇ ਲੋਕ' ਭਾਅ ਜੀ ਨੇ ਛਾਪੀ, ਜਿਹਦਾ ਖਰੜਾ ਮੇਰੇ ਵੱਲੋਂ ਅਮਰਜੀਤ ਚੰਦਨ ਲੈ ਗਿਆ ਸੀ।

ਬਲਰਾਜ ਸਾਹਨੀ ਪੁਸਤਕ ਲੜੀ ਛਾਪਣ ਦਾ ਕੰਮ ਜਦੋਂ ਭਾਅ ਜੀ ਨੇ ਸ਼ੁਰੂ ਕੀਤਾ ਤਾਂ ਮੈਂ ਭਾਅ ਜੀ ਅੱਗੇ ਉਨ੍ਹਾਂ ਦੀਆਂ ਕਿਤਾਬਾਂ ਵੇਚਣ ਦਾ ਪ੍ਰਸਤਾਵ ਰੱਖਿਆ। ਮੇਰੀ ਦਿਲੀ ਇੱਛਾ ਸੀ ਮੈਂ ਭਾਅ ਜੀ ਲਈ ਕੋਈ ਕੰਮ ਕਰਾਂ। ਮੈਂ ਨਾਟਕ ਵੀ ਖੇਡ ਸਕਦਾ ਸੀ ਪਰ ਉਹਦੇ ਨਾਲ ਮੇਰੀ ਕਹਾਣੀ 'ਤੇ ਅਸਰ ਪੈਣਾ ਸੀ। ਬਸ ਇਹੋ ਕੰਮ ਬਚਦਾ ਸੀ ਕਿ ਮੈਂ ਭਾਅ ਜੀ ਵੱਲੋਂ ਛਾਪੀਆਂ ਜਾਂਦੀਆਂ ਕਿਤਾਬਾਂ ਪਾਠਕਾਂ ਤਕ ਪੁਚਾਵਾਂ। ਮੇਰੇ ਲਈ ਇਹ ਕੰਮ ਕਰਨਾ ਇਸ ਲਈ ਬਹੁਤ ਜ਼ਰੂਰੀ ਹੋ ਗਿਆ ਸੀ ਕਿਉਂਕਿ ਭਾਅ ਜੀ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ ਸੀ। ਮੈਂ ਪੁਲਿਸ ਵੱਲੋਂ ਭਾਅ ਜੀ ਨੂੰ ਗ੍ਰਿਫ਼ਤਾਰ ਕਰਨ ਬਾਰੇ ਸੁਣ ਕੇ ਡਰ ਗਿਆ ਤੇ ਅੰਮ੍ਰਿਤਸਰ ਕੁਝ ਚਿਰ ਗਿਆ ਹੀ ਨਾ। ਉਸ ਦਾ ਕਾਰਨ ਸੀ ਕਿ ਮੈਂ ਲੰਮਾ ਸਮਾਂ ਪੁਲਿਸ ਦੀ ਮਾਰ ਝੱਲ ਕੇ ਮਸੀਂ-ਮਸੀਂ ਪੈਰਾਂ ਸਿਰ ਹੋਣ ਲੱਗਾ ਸੀ। ਜਿੰਨਾ ਚਿਰ ਮੈਂ

ਜਲੰਧਰ ਰਿਹਾ, ਮੈਂ ਅੰਮ੍ਰਿਤਸਰ ਗੇੜਾ ਮਾਰਦਾ ਰਿਹਾ।

ਭਾ ਜੀ ਨੂੰ ਗ੍ਰਿਫ਼ਤਾਰ ਕੀਤਾ ਗਿਆ, ਉਹ ਜੇਲ੍ਹ ਵਿਚ ਰਹੇ, ਫਿਰ ਰਿਹਾਅ ਹੋ ਕੇ ਆ ਗਏ। ਉਨ੍ਹਾਂ ਨੌਕਰੀ ਛੱਡ ਦਿੱਤੀ। ਫਿਰ ਉਹ ਚੰਡੀਗੜ੍ਹ ਆ ਕੇ ਵਸ ਗਏ। ਉਨ੍ਹਾਂ ਨੇ ਧੀਆਂ ਵਿਆਹ ਦਿੱਤੀਆਂ। ਉਹ ਆਪਣੀ ਨਾਟਕ ਮੰਡਲੀ ਨੂੰ ਲੈ ਕੇ ਪੰਜਾਬ ਵੱਲ ਨਾਟਕ ਖੇਡਣ ਤੁਰੇ ਰਹਿੰਦੇ। ਕਦੇ ਬਠਿੰਡੇ ਦੇ ਕੋਲ ਇਕ ਪਿੰਡ ਵੱਲ, ਕਦੇ ਫਰੀਦਕੋਟ, ਕਦੇ ਮੋਗੇ, ਕਦੇ ਬਟਾਲੇ ਦੇ ਲਾਗੇ, ਕਦੇ ਪਠਾਨਕੋਟ, ਕਦੇ ਹੁਸ਼ਿਆਰਪੁਰ ਤੇ ਕਦੇ ਜਲੰਧਰ ਦੇ ਨੇੜੇ ਪਿੰਡ ਵਿਚ। ਭਾਅ ਜੀ ਨੇ ਆਪਣੇ ਸਾਰੇ ਨਾਟਕਾਂ ਦੇ ਸ਼ੋਅ ਸੈਂਕੜੇ-ਹਜ਼ਾਰਾਂ ਵਾਰ ਕੀਤੇ ਹੋਣਗੇ, ਪਰ ਸਾਡੇ ਪੇਂਡੂ ਦਰਸ਼ਕਾਂ ਦਾ ਨਾ ਢਿੱਡ ਭਰਦਾ ਤੇ ਨਾ ਮਨ ਹੀ ਅੱਕਦਾ। ਅਸਲ ਵਿਚ ਇਸ ਦੇ ਪਿੱਛੇ ਇਕ ਹੋਰ ਕਾਰਨ ਸੀ ਜਿਹਨੂੰ ਦਰਸ਼ਕ ਵਾਰ-ਵਾਰ ਮਾਨਣਾ ਚਾਹੁੰਦਾ, ਦੇਖਣਾ ਤੇ ਸੁਣਨਾ ਚਾਹੁੰਦੇ ਸਨ—ਉਹ ਸੀ ਨਾਟਕ ਦੇ ਆਰੰਭ ਵਿਚ, ਵਿਚਾਲੇ ਜਿਹੇ ਤੇ ਬਹੁਤੀ ਵਾਰ ਅੰਤ 'ਤੇ। ਆਮ ਤੌਰ 'ਤੇ ਭਾਅ ਜੀ ਨਾਟਕ ਦੇ ਇਕ ਪਾਤਰ ਦੀ ਮਨੋਭਾਵਨਾ ਨੂੰ ਦਰਸਾਉਂਦੇ ਹੋਏ ਦੋ ਸ਼ਬਦ ਬੋਲਣ ਲੱਗਦੇ...ਦੋ ਸ਼ਬਦਾਂ ਨੂੰ ਟੱਪ ਕੇ ਚਾਰ, ਫਿਰ ਛੇ ਤੇ ਭਾਅ ਜੀ ਬੋਲੀ ਜਾਂਦੇ...ਬੋਲਦੇ ਬੋਲਦੇ ਥਰਥਰਾਉਣ ਲੱਗਦੇ, ਸਰਕਾਰੀ ਨੀਤੀਆਂ ਨੂੰ ਨਿੰਦਦੇ ਨਿੰਦਦੇ ਐਨੇ ਉਪਭਾਵੁਕ ਹੋ ਜਾਂਦੇ, ਉਨ੍ਹਾਂ ਦੀਆਂ ਅੱਖਾਂ ਭਰ ਜਾਂਦੀਆਂ, ਬੋਲ ਭਾਰੇ ਹੋ ਜਾਂਦੇ, ਪਰ ਫਿਰ ਇਕਦਮ ਸੰਭਲ ਵੀ ਜਾਂਦੇ।

ਮੈਂ ਭਾਅ ਜੀ ਦੇ ਬਹੁਤ ਸਾਰੇ ਰੰਗ ਦੇਖੇ ਹਨ। ਉਹ ਕਦੇ ਹੱਸਦੇ—ਠਹਾਕਾ ਮਾਰ ਕੇ ਤੇ ਫਿਰ ਬਹੁਤ ਗੰਭੀਰ ਹੋ ਕੇ ਜ਼ਿੰਦਗੀ ਦੀ ਕੋਈ ਕੌੜੀ ਸੱਚਾਈ ਨੂੰ ਬਿਆਨ ਕਰਨ ਲੱਗਦੇ...ਉਸ ਸਮੇਂ ਦੂਜੇ ਕਮਰੇ 'ਚੋਂ ਕੈਲਾਸ਼ ਭੈਣ ਜੀ ਆ ਜਾਂਦੇ ਤੇ ਬੜੀ ਸਹਿਜਤਾ ਨਾਲ ਭਾਅ ਜੀ ਨੂੰ ਸੰਬੋਧਤ ਹੁੰਦੇ—"ਹੌਲੀ ਹੌਲੀ...ਸ਼ਾਂਤ ਹੋ ਕੇ ਬੋਲੋ...ਕਿਉਂ ਡਾਕਟਰ ਦੀ ਗੱਲ ਵਿਸਰ ਜਾਂਦੇ ਓ..." ਤੇ ਭਾਅ ਜੀ ਸ਼ਾਂਤ ਹੋ ਜਾਂਦੇ।

ਪੂਰੇ ਪੰਜਾਬ ਵਿਚ ਭਾਅ ਜੀ ਗੁਰਸ਼ਰਨ ਸਿੰਘ ਵੱਲੋਂ ਖੇਡੇ ਨਾਟਕਾਂ ਦਾ ਅਜਿਹਾ ਪ੍ਰਭਾਵ ਪਿਆ ਕਿ ਥਾਂ-ਥਾਂ ਨਾਟਕ ਮੰਡਲੀਆਂ ਬਣ ਗਈਆਂ, ਜਿਨ੍ਹਾਂ ਨੇ ਤਕਰਸ਼ੀਲ ਸੋਚ ਵਾਲੇ ਨਾਟਕ ਖੇਡਣੇ ਸ਼ੁਰੂ ਕਰ ਦਿੱਤੇ। ਪੰਜਾਬ ਵਿਚ ਲੋਕਾਂ ਲਈ ਉਹ ਨਾਟਕਾਂ ਵਾਲਾ ਭਾਅ ਜੀ ਸੀ ਤੇ ਫਿਰ ਉਹ ਭਾਅ ਜੀ ਵੀ ਰਿਹਾ, ਪਰ ਨਾਲ ਹੀ 'ਮੰਨਾ ਸਿੰਘ' ਕਹਿ ਕੇ ਵੀ ਯਾਦ ਕੀਤਾ ਜਾਣ ਲੱਗਾ। ਪੰਜਾਬ ਦੇ ਬੁੱਧੀਜੀਵੀ ਵਰਗ ਲਈ ਉਹ ਨਾਟਕਕਾਰ ਗੁਰਸ਼ਰਨ ਸਿੰਘ ਸੀ।

ਨਾਟਕ ਖੇਤਰ ਵਿਚ ਭਾਅ ਜੀ ਉਸ ਸਮੇਂ ਸਥਾਪਤ ਹੋਏ, ਜਦੋਂ ਪੰਜਾਬ ਦੇ ਕਾਲਜਾਂ, ਥੀਏਟਰਾਂ ਜਾਂ ਯੂਨੀਵਰਸਿਟੀਆਂ ਵਿਚ ਡਾ. ਹਰਚਰਨ ਸਿੰਘ, ਬਲਵੰਤ ਗਾਰਗੀ ਦੇ ਨਾਟਕਾਂ ਦਾ ਬਾਹਰਾ-ਪਹਿਰਾ ਸੀ। ਇਸ ਦੇ ਨਾਲ ਹੀ ਸੁਰਜੀਤ ਸਿੰਘ ਸੇਠੀ, ਕਪੂਰ ਸਿੰਘ ਘੁੰਮਣ ਤੇ ਹਰਪਾਲ ਟਿਵਾਣਾ ਨਿੱਤ ਨਵੇਂ ਨਾਟਕ ਲੈ ਕੇ ਪੇਸ਼ ਹੋਣ ਲੱਗੇ। ਭਾਅ ਜੀ ਆਪਣੀ ਥਾਂ ਆਪਣੇ ਦ੍ਰਿਸ਼ਟੀਕੋਣ 'ਤੇ ਡਟੇ ਚੱਲ ਰਹੇ ਸਨ,

ਚੱਲ ਨਹੀਂ ਦੌੜ ਰਹੇ ਸਨ। ਫਿਰ ਦਿੱਲੀ ਵਾਲਾ ਚਰਨ ਦਾਸ ਸਿੱਧੂ, ਅਜਮੇਰ ਔਲਖ ਤੇ ਆਤਮਜੀਤ ਨਿੱਤ ਹੀ ਨਵੇਂ ਰੰਗ ਰੂਪ ਨਾਟਕ ਪੇਸ਼ ਕਰ ਰਹੇ ਸਨ। ਇਸ ਢਾਣੀ ਦੇ ਨਾਲ ਹੀ ਕਦੇ ਭਾਅ ਜੀ ਦੇ ਨਾਟਕਾਂ ਦਾ ਕੰਮ ਕਰਦਾ ਰਿਹਾ ਕੇਵਲ ਧਾਲੀਵਾਲ, ਸਹਿਬ ਸਿੰਘ ਅਤੇ ਪਾਲੀ ਭੁਪਿੰਦਰ ਨਾਟਕ ਖੇਤਰ ਵਿਚ ਪੈਰ ਪਸਾਰ ਖਲੋਤੇ। ਇਨ੍ਹਾਂ ਸਾਰੀਆਂ ਨਾਟਕ ਸਰਗਰਮੀਆਂ ਦੇ ਨਾਲ ਭਾਅ ਜੀ ਗੁਰਸ਼ਰਨ ਸਿੰਘ ਕਿਤੇ ਵੀ ਮੱਠੇ ਨਹੀਂ ਪਏ। ਨਾਟਕਾਂ ਦੇ ਨਾਲ-ਨਾਲ ਉਹ ਕਈ ਪੰਜਾਬੀ ਫ਼ਿਲਮਾਂ ਵਿਚ ਵੀ ਕੰਮ ਕਰ ਆਏ, ਪਰ ਬੜੇ ਜਾਨਦਾਰ ਰੋਲ ਤੇ ਧੜੱਲੇ ਵਾਲੇ। ਉਨ੍ਹਾਂ ਸਮਿਆਂ ਵਿਚ ਹੀ ਨਜਮ ਹੁਸੈਨ ਸੱਯਦ ਦਾ ਨਾਟਕ 'ਤਖ਼ਤ ਲਾਹੌਰ' ਤੇ ਮੇਜਰ ਇਸਹਾਕ ਮੁਹੰਮਦ ਦਾ ਨਾਟਕ 'ਕੁਕਨੂਸ' ਖੇਡ ਕੇ ਭਾਅ ਜੀ ਨੇ ਨਾ ਸਿਰਫ਼ ਭਾਰਤੀ ਪੰਜਾਬ ਹੀ ਸਗੋਂ ਪਾਕਿਸਤਾਨੀ ਪੰਜਾਬ ਵਿਚ ਧੁੰਮਾਂ ਪਾ ਦਿੱਤੀਆਂ।

ਮੈਂ ਦੇਖਿਆ ਨਹੀਂ, ਲੱਖਾਂ ਲੋਕਾਂ ਨੇ ਭਾਅ ਜੀ ਦਾ ਗੜਕਾ ਸੁਣਿਆ ਤੇ ਦੇਖਿਆ ਸੀ। ਉਨ੍ਹਾਂ ਦੇ ਬੋਲਾਂ ਦੀ ਤਪਸ਼ ਨੂੰ ਮਾਣਿਆ ਤੇ ਮਹਿਸੂਸ ਕਰਦਿਆਂ ਅਸੀਂ ਆਪਣੇ ਅੰਦਰ ਵੀ ਉਹ ਤਪਸ਼ ਭਰੀ ਸੀ। ਭਾਅ ਜੀ ਨੇ ਗੱਜ-ਵੱਜ ਕੇ ਅਨਿਆਂ ਦੇ ਵਿਰੁੱਧ, ਅੰਨ੍ਹੀ ਸਰਕਾਰ ਤੇ ਪੁਲਿਸ ਦੇ ਵਿਰੁੱਧ ਡਟ ਜਾਣ ਲਈ ਸਾਨੂੰ ਭਾਸ਼ਣ ਦਿੱਤੇ ਸਨ। ਪਰ ਹੁਣ ਕੁਝ ਸਮੇਂ ਤੋਂ ਭਾਅ ਜੀ ਦੁੱਖ ਨਾਲ ਜੂਝ ਰਹੇ ਸਨ। ਭੈਣ ਕੈਲਾਸ਼ ਕੌਰ ਤੇ ਉਨ੍ਹਾਂ ਦੀਆਂ ਧੀਆਂ ਉਨ੍ਹਾਂ ਲਈ ਦਿਨ ਰਾਤ ਦੌੜ-ਭੱਜ ਕਰ ਰਹੀਆਂ ਸਨ। ਮੈਂ ਇਸ ਹਾਲਤ ਨੂੰ ਦੇਖਣ ਲਈ ਕਈ ਮਹੀਨਿਆਂ ਤੋਂ ਉਧਰ ਮੂੰਹ ਵੀ ਨਹੀਂ ਸੀ ਕਰ ਸਕਿਆ। ਅਜਿਹੇ ਗੱਜਣ ਵਾਲੇ ਹਜ਼ਾਰਾਂ ਦਰਸ਼ਕਾਂ ਨੂੰ ਹਲੂਣ ਦੇਣ ਵਾਲੇ ਮਹਾਨ ਯੋਧੇ ਬਾਰੇ ਮੈਂ ਇਹ ਚਾਹੁੰਦਾ ਸੀ। ਅਜਿਹੇ ਮਹਾਨ ਸ਼ਖ਼ਸ ਨੂੰ ਉਹ ਕੁਦਰਤ ਐਨੇ ਦੁਖ ਨਾ ਦੇਵੇ ਕਿ ਇਸ ਜ਼ਿੰਦਗੀ ਤੋਂ ਮਨ ਹੀ ਖੱਟਾ ਹੋ ਜਾਵੇ।